ਮੰਤਰੀ ਪ੍ਰੀਸ਼ਦ

ਤੁਰੰਤ

ਗੁਪਤ

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਮੰਤਰੀ ਮੰਡਲ ਮਾਮਲੇ ਸ਼ਾਖਾ)

ਵਿਸ਼ਾ:- ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ਼ ਐਕਟ 1873 ਵਿੱਚ ਸੋਧ ਬਾਬਤ ਨਹਿਰੀ ਪਾਣੀ ਦਾ ਅਬਿਆਨਾਂ ਮੁਆਫ ਕਰਨ ਅਤੇ ਨਹਿਰੀ ਸਿਸਟਮ ਦੇ ਰੱਖ ਰਖਾਵ ਅਤੇ ਨਵੀਨੀਕਰਨ ਲਈ ਵਾਟਰ ਸੈਸ ਲਗਾਉਣ ਸਬੰਧੀ।

****

ਸਕੱਤਰ ਪੰਜਾਬ ਸਰਕਾਰ, ਸਿੰਚਾਈ ਵਿਭਾਗ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਆਪਣੇ ਅੰ:ਵਿ:ਪੱ:ਨੰ: 14/22/94-ਸਿਕਾ(2) ਪੀ ਐਫ/4437, ਮਿਤੀ 29.8.2014 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਮੰਤਰੀ ਪ੍ਰੀਸ਼ਦ ਦੀ ਮਿਤੀ 2.9.2014 ਨੂੰ ਹੋਈ ਮੀਟਿੰਗ ਵਿੱਚ ਵਿਸ਼ੇ ਅੰਕਿਤ ਮਾਮਲੇ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਸ ਸਬੰਧੀ ਲਿਆ ਗਿਆ ਫੈਸਲਾ ਹੇਠ ਲਿਖੇ ਅਨੁਸਾਰ ਹੈ:-

ਸਿੰਚਾਈ ਵਿਭਾਗ ਦੇ ਯਾਦ ਪੱਤਰ ਮਿਤੀ 29 ਅਗਸਤ, 2014 ਤੇ ਵਿਚਾਰ ਵਟਾਂਦਰੇ ਉਪਰੰਤ ਇਸ ਦੇ ਪੈਰ੍ਹਾ 2 ਅਤੇ 2.1 ਵਿੱਚ ਦਰਜ਼ ਤਜਵੀਜ਼ਾਂ ਹੇਠ ਲਿਖੀਆਂ ਸੋਧਾਂ ਨਾਲ ਮੰਨਜ਼ੂਰ ਕੀਤੀਆਂ ਗਈਆਂ :-

1) ਭਾਰਤ ਸਰਕਾਰ ਦੀਆਂ **Accelerated Irrigation Benefits Programme** (AIPB) ਲਈ ਸੋਧੀਆਂ ਹੋਈਆਂ ਗਾਈਡਲਾਈਨਜ਼, ਜੋ ਅਕਤੂਬਰ 2013 ਤੋਂ ਲਾਗੂ ਹਨ, ਅਨੁਸਾਰ ਰਾਜਾਂ ਵਿਚ ਸਿੰਚਾਈ ਦੇ ਪ੍ਰੋਜੈਕਟਾਂ ਦੀ ਸ਼ਮੂਲੀਅਤ ਲਈ ਮਾਪਦੰਡਾਂ ਵਿਚ ਇਹ ਲੋੜੀਂਦਾ ਹੈ ਕਿ ਵੱਡੇ/ਮੀਡੀਅਮ ਵਿਸਤਾਰ, ਮੁਰੰਮਤ ਅਤੇ ਨਵੀਨੀਕਰਨ (**Major/Medium extension, renovatioon, modernization**) ਦੇ ਪ੍ਰੋਜੈਕਟ ਕੇਵਲ ਉਥੇ ਹੀ ਲਏ ਜਾਣਗੇ ਜਿਥੇ ਰਾਜਾਂ ਵਲੋਂ ਵਾਟਰ ਸੈਸ ਲਗਾਇਆ ਗਿਆ ਹੋਵੇ ਅਤੇ ਉਪਭੋਗਤਾਵਾਂ ਪਾਸੋਂ ਇਕੱਠਾ ਕੀਤਾ ਜਾਂਦਾ ਹੋਵੇ। 13ਵੇਂ ਵਿੱਤ ਕਮਿਸ਼ਨ ਦੀਆਂ ਗਾਈਡਲਾਈਨਜ਼ ਮੁਤਾਬਿਕ ਸਿੰਚਾਈ ਪ੍ਰੋਜੈਕਟਾਂ ਲਈ ਕੇਵਲ ਉਦੋਂ ਹੀ ਗਰਾਂਟਾਂ ਉਪਲੱਬਧ ਹੋਣਗੀਆਂ ਜੇਕਰ ਰਾਜ ਸਰਕਾਰ ਵਾਟਰ ਟੈਰਿਫ ਸਿਸਟਮ ਤਹਿ ਅਤੇ ਨਿਯਮਤ ਕਰੇਗੀ ਅਤੇ ਘਰੇਲੂ, ਖੇਤੀਬਾੜੀ, ਉਦਯੋਗਿਕ ਅਤੇ ਹੋਰ ਮੰਤਵਾਂ ਲਈ ਵਰਤੇ ਜਾਣ ਵਾਲੇ ਪਾਣੀ ਲਈ ਖਰਚਾ ਵਸੂਲ ਕਰੇਗੀ। ਇਨ੍ਹਾਂ ਸੁਧਾਰਾਂ ਦੀ ਅਣਹੋਂਦ ਵਿਚ ਪੰਜਾਬ ਕਈ ਗਰਾਂਟਾਂ ਤੋਂ ਮੁਹਤਾਜ ਰਹਿ ਜਾਵੇਗਾ। ਇਸ ਲਈ ਪੰਜਾਬ ਵਿਚ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ਼ ਐਕਟ 1873 ਵਿਚ ਸੋਧ ਕਰਦੇ ਹੋਏ 75/- ਰੁਪਏ ਪ੍ਰਤੀ ਏਕੜ ਪ੍ਰਤੀ ਫਸਲ ਅਬਿਆਨਾਂ ਖਤਮ ਕਰਕੇ 50/- ਰੁਪਏ ਪ੍ਰਤੀ ਏਕੜ ਪ੍ਰਤੀ ਫਸਲ ਨਹਿਰੀ ਸਫਾਈ ਅਤੇ ਰੱਖ-ਰਖਾਵ ਸੈਸ ਲਗਾਉਣ ਦਾ ਫੈਸਲਾ ਕੀਤਾ ਗਿਆ।

2) ਇਸ ਸੈਸ ਦੀ ਰਕਮ ਨਹਿਰੀ ਪਾਣੀ ਦੀ ਅਸਲ ਵਿਚ ਸਿੰਚਾਈ ਲਈ ਵਰਤੋਂ ਕਰਨ ਵਾਲੇ ਕਿਸਾਨਾਂ ਤੋਂ ਵਸੂਲੀ ਕੀਤੀ ਜਾਵੇਗੀ।

3) ਨਹਿਰੀ ਵਿਭਾਗ ਦੀ ਡਵੀਜ਼ਨ ਲੈਵਲ ਤੇ ਐਕਸੀਅਨ ਦੀ ਪ੍ਰਧਾਨਗੀ ਹੇਠ ਨਹਿਰੀ ਸਫਾਈ ਅਤੇ ਰੱਖ-ਰਖਾਵ ਸੁਸਾਇਟੀਆਂ ਬਣਾਈਆਂ ਜਾਣਗੀਆਂ ਜਿਸ ਵਿਚ ਕਿਸਾਨ ਲਾਭਪਾਤਰੀਆਂ ਦੀ ਸ਼ਮੂਲੀਅਤ ਹੋਵੇਗੀ ਅਤੇ ਸੈਸ ਦੀ ਰਕਮ ਇਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇਨ੍ਹਾਂ ਦੀ ਸਿਫਾਰਸ਼ ਅਤੇ ਦੇਖ ਰੇਖ ਵਿਚ ਖਰਚੀ ਜਾਵੇਗੀ।

4) ਉਕਤ ਅਨੁਸਾਰ ਬਣਾਈਆਂ ਸੋਸਾਇਟੀਆਂ ਦੇ ਖਾਤੇ ਵਿਚ ਸੈਸ ਰਾਹੀਂ ਆਈ ਰਕਮ ਕੇਵਲ ਡਿਸਟਰੀਬਿਊਟਰੀਆਂ ਅਤੇ ਮਾਈਨਰਜ਼ ਦੀ ਮੇਨਟੀਨੈਂਸ, ਰਿਪੇਅਰ ਅਤੇ ਨਵੀਨੀਕਰਨ ਤੇ ਖਰਚੀ ਜਾਵੇਗੀ।

5) ਨਹਿਰੀ ਵਿਭਾਗ ਦੀ ਡਵੀਜ਼ਨ ਪੱਧਰ ਦੀਆਂ ਸੁਸਾਇਟੀਆਂ ਵਲੋਂ ਉਕਤ ਅਨੁਸਾਰ ਦੱਸੀ ਰਕਮ, ਵਿਭਾਗ ਦੇ ਰੂਲਾਂ ਅਨੁਸਾਰ ਦਿੱਤੀਆਂ ਵਿੱਤੀ ਅਤੇ ਤਕਨੀਕੀ ਮੰਨਜ਼ੂਰੀਆਂ ਉਪਰੰਤ ਹੀ ਖਰਚ ਕੀਤੀ ਜਾਵੇਗੀ।